ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

Trump ਵਲੋਂ ਅਮਰੀਕਾ-ਰੂਸ 'ਚ ਖ਼ਤਮ ਹੋਈ ਸੰਧੀ ਨੂੰ ਮੁੜ ਸ਼ੁਰੂ ਕਰਨ ਤੋਂ ਇਨਕਾਰ

ਨਿਊ ਯੌਰਕ: ਵਿਸ਼ਵ ਸ਼ਾਂਤੀ ਲਈ ਇੱਕ ਬਹੁਤ ਹੀ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਰੂਸ ਅਤੇ ਅਮਰੀਕਾ ਵਿਚਾਲੇ ਪ੍ਰਮਾਣੂ ਹਥਿਆਰਾਂ ਨੂੰ ਸੀਮਿਤ ਕਰਨ ਵਾਲੀ ਆਖਰੀ ਬਚੀ ਹੋਈ ਸੰਧੀ ਨਿਊ ਸਟਾਰਟ ਦੀ ਮਿਆਦ 5 ਫ਼ਰਵਰੀ 2026 ਨੂੰ ਅਧਿਕਾਰਿਕ ਤੌਰ 'ਤੇ ਖ਼ਤਮ ਹੋ ਗਈ ਹੈ। 50 ਸਾਲਾਂ ਤੋਂ ਵੀ ਵੱਧ ਸਮੇਂ 'ਚ ਇਹ ਪਹਿਲੀ ਵਾਰ ਹੈ ਜਦੋਂ ਦੁਨੀਆਂ ਦੀਆਂ ਇਨ੍ਹਾਂ ਦੋ ਸਭ ਤੋਂ ਵੱਡੀਆਂ ਪ੍ਰਮਾਣੂ ਸ਼ਕਤੀਆਂ 'ਤੇ ਹਥਿਆਰਾਂ ਦੀ ਗਿਣਤੀ ਨੂੰ ਲੈ ਕੇ ਕੋਈ ਕਾਨੂੰਨੀ ਪਾਬੰਦੀ ਨਹੀਂ ਰਹੀ।

ਰਿਪੋਰਟਾਂ ਅਨੁਸਾਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਸ ਸੰਧੀ ਨੂੰ ਇੱਕ ਸਾਲ ਲਈ ਹੋਰ ਵਧਾਉਣ ਦੀ ਪੇਸ਼ਕਸ਼ ਕੀਤੀ ਸੀ ਤਾਂ ਜੋ ਮੌਜੂਦਾ ਸਥਿਤੀ ਬਣੀ ਰਹੇ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਟਰੰਪ ਦਾ ਮੰਨਣਾ ਹੈ ਕਿ ਇਹ ਸੰਧੀ ਪੁਰਾਣੀ ਹੋ ਚੁੱਕੀ ਹੈ, ਅਤੇ ਉਹ ਇੱਕ ਬਿਹਤਰ ਅਤੇ ਨਵਾਂ ਸਮਝੌਤਾ ਚਾਹੁੰਦੇ ਹਨ ਜਿਸ 'ਚ ਚੀਨ ਨੂੰ ਵੀ ਸ਼ਾਮਿਲ ਕੀਤਾ ਜਾਵੇ।

ਇਹ ਸੰਧੀ ਖ਼ਤਮ ਹੋਣ ਨਾਲ ਹੁਣ ਦੋਵੇਂ ਦੇਸ਼ ਆਪਣੇ ਪ੍ਰਮਾਣੂ ਵਾਰਹੈੱਡਾਂ ਅਤੇ ਮਿਜ਼ਾਈਲਾਂ ਦੀ ਗਿਣਤੀ ਵਧਾਉਣ ਲਈ ਪੂਰੀ ਤਰ੍ਹਾਂ ਆਜ਼ਾਦ ਹਨ, ਅਤੇ ਨਾਲ ਹੀ ਦੋਵੇਂ ਦੇਸ਼ ਇੱਕ-ਦੂਜੇ ਦੇ ਪ੍ਰਮਾਣੂ ਟਿਕਾਣਿਆਂ ਦੀ ਜਾਂਚ ਕਰ ਸਕਦੇ ਸਨ, ਪਰ ਹੁਣ ਇਹ ਪਾਰਦਰਸ਼ਤਾ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ। ਮਾਹਿਰਾਂ ਅਨੁਸਾਰ ਨਿਯਮਾਂ ਦੀ ਅਣਹੋਂਦ 'ਚ ਗ਼ਲਤਫ਼ਹਿਮੀ ਜਾਂ ਤਨਾਅ ਕਾਰਨ ਪ੍ਰਮਾਣੂ ਜੰਗ ਛਿੜਨ ਦਾ ਖ਼ਤਰਾ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਿਆ ਹੈ।ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਇਸ ਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਗੰਭੀਰ ਪਲ ਦੱਸਿਆ ਹੈ। ਉਨ੍ਹਾਂ ਨੇ ਦੋਵਾਂ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਨਵੀਂ ਗੱਲਬਾਤ ਸ਼ੁਰੂ ਕਰਨ ਤਾਂ ਜੋ ਦੁਨੀਆਂ ਨੂੰ ਕਿਸੇ ਵੱਡੀ ਤਬਾਹੀ ਤੋਂ ਬਚਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਰੂਸ ਅਤੇ ਅਮਰੀਕਾ ਕੋਲ ਦੁਨੀਆਂ ਦੇ ਲਗਭਗ 90 ਫ਼ੀਸਦੀ ਪ੍ਰਮਾਣੂ ਹਥਿਆਰ ਹਨ। ਇਸ ਸੰਧੀ ਦੇ ਖ਼ਤਮ ਹੋਣ ਨਾਲ ਹੁਣ ਪੂਰੀ ਦੁਨੀਆਂ 'ਚ ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ।

Home Care Workers ਅਤੇ Nanies ਲਈ PR 416-848-3930

ਵਿਸ਼ਵ ਮੰਚ 'ਤੇ ਸਿੱਖ ਭਾਈਚਾਰੇ ਦੀ ਸਿੰਘ ਕਰੇਗਾ ਨੁਮਾਇੰਦਗੀ

ਨਿਊ ਯੌਰਕ: ਘੈਂਟ ਇੰਗਲਮੁੰਸਟਰ ਨਾਲ ਸੰਬੰਧਤ ਨੌਜਵਾਨ ਸਿੱਖ ਆਗੂ ਸੁਖਪ੍ਰੀਤ ਸਿੰਘ ਲਈ ਇਹ ਇੱਕ ਵੱਡੀ ਅੰਤਰਰਾਸ਼ਟਰੀ ਮਾਨਤਾ ਹੈ। ਦੁਨੀਆਂ ਭਰ ਦੇ ਡੇਢ ਲੱਖ ਤੋਂ ਵੱਧ ਉਮੀਦਵਾਰਾਂ 'ਚੋਂ ਉਹ ਨਿਊ ਯੌਰਕ ਸਥਿਤ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਵਿਖੇ ਹੋਣ ਵਾਲੇ ਪ੍ਰਸਿੱਧ ਨੈਸ਼ਨਲ ਮਾਡਲ ਯੂਨਾਈਟਡ ਨੇਸ਼ਨਜ਼ ਸਿਮੂਲੇਸ਼ਨ ਲਈ ਚੁਣੇ ਗਏ ਕੇਵਲ 10 ਹਜ਼ਾਰ ਵਿਦਿਆਰਥੀਆਂ 'ਚ ਸ਼ਾਮਿਲ ਹੋਇਆ ਹੈ।

25 ਤੋਂ 30 ਮਾਰਚ 2026 ਤਕ ਚੱਲਣ ਵਾਲੇ ਇਸ ਵਿਸ਼ੇਸ਼ ਅੰਤਰਰਾਸ਼ਟਰੀ ਮੰਚ 'ਤੇ ਸੁਖਪ੍ਰੀਤ ਸਿੰਘ ਭਵਿੱਖ ਦੇ ਡਿਪਲੋਮੈਟਾਂ, ਨੀਤੀ-ਨਿਰਧਾਰਕਾਂ ਅਤੇ ਵਿਸ਼ਵ ਨੇਤਾਵਾਂ ਦੇ ਇੱਕ ਚੋਣਵੇਂ ਗਰੁੱਪ ਨਾਲ ਹਿੱਸਾ ਲੈਣ ਜਾ ਰਿਹਾ ਹੈ। ਚੋਣ ਪ੍ਰਕਿਰਿਆ ਬਹੁਤ ਸਖ਼ਤ ਮੰਨੀ ਜਾਂਦੀ ਹੈ ਜਿਸ 'ਚ ਅਕਾਦਮਿਕ ਪ੍ਰਦਰਸ਼ਨ, ਲੀਡਰਸ਼ਿਪ ਯੋਗਤਾ ਅਤੇ ਸਮਾਜਿਕ ਸੂਝ ਮੁੱਖ ਮਾਪਦੰਡ ਹੁੰਦੇ ਹਨ।

ਸੁਖਪ੍ਰੀਤ ਸਿੰਘ ਇਸ ਵੇਲੇ ਹੌਗੈਟ ਵਿਖੇ ਬਾਇਓਮੈਡੀਕਲ ਲੈਬੋਰਟਰੀ ਟੈਕਨੌਲੋਜੀ ਦੇ ਵਿਦਿਆਰਥੀ ਹਨ ਜਿੱਥੇ ਉਹ ਇਮਿਊਨੋਲੋਜੀ ਅਤੇ ਪੈਥੋਲੋਜੀ 'ਚ ਖ਼ਾਸ ਦਿਲਚਸਪੀ ਰੱਖਦੇ ਹੋਏ ਆਪਣੇ ਅਕਾਦਮਿਕ ਕਰੀਅਰ ਦੇ ਨਾਲ-ਨਾਲ, ਉਹ ਵਿਦਿਆਰਥੀ ਪ੍ਰਤੀਨਿਧਤਾ 'ਚ ਵੀ ਅਹਿਮ ਭੂਮਿਕਾ ਨਿਭਾ ਰਹੇ ਹੈ।

ਉਹ ਯੂਰੋਕਾ ਸਟੂਡੈਂਟ ਕੌਂਸਲ ਦੇ ਪ੍ਰਧਾਨ ਦੇ ਨਾਲ ਸਟੂਡੈਂਟ ਕੌਂਸਲ 'ਚ ਵੀ ਸਰਗਰਮ ਸੇਵਾ ਕਰ ਰਹੇ ਹੈ ਤੇ ਨਿਊ ਯੌਰਕ ਲਈ ਉਨ੍ਹਾਂ ਦੀ ਚੋਣ ਉਨ੍ਹਾਂ ਦੀ ਬਹੁਪੱਖੀ ਯੋਗਤਾ ਵਿਗਿਆਨਕ ਸੋਚ ਅਤੇ ਰਾਜਨੀਤਿਕ ਸੂਝ ਨੂੰ ਦਰਸਾਉਂਦੀ ਹੈ।

ਸੁਖਪ੍ਰੀਤ ਸਿੰਘ ਸਿੱਖ ਨੌਜਵਾਨਾਂ 'ਚ ਇੱਕ ਪ੍ਰੇਰਕ ਆਵਾਜ਼ ਵਜੋਂ ਵੀ ਜਾਣੇ ਜਾਂਦੇ ਹਨ। ਉਹ ਬੈਲਜੀਅਨ ਸਿੱਖ ਯੂਥ ਐਸੋਸੀਏਸ਼ਨ ਦੇ ਸਹਿ-ਸੰਸਥਾਪਕ ਅਤੇ ਚੇਅਰਮੈਨ ਹਨ ਜਿਸ ਰਾਹੀਂ ਉਹ ਯੌਰਪ 'ਚ ਸਿੱਖ ਪਛਾਣ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਇਕੱਠਾ ਕਰਨ ਲਈ ਕੰਮ ਕਰ ਰਹੇ ਹਨ।ਸੁਖਪ੍ਰੀਤ ਸਿੰਘ ਦਯਾ ਸਿੰਘ ਦੇ ਪੁੱਤਰ ਅਤੇ ਪੰਜਾਬ ਦੇ ਪਿੰਡ ਦਾਰਾਪੁਰ ਦੇ ਸਾਬਕਾ ਸਰਪੰਚ ਦੇ ਪੋਤੇ ਹਨ। ਲੀਡਰਸ਼ਿਪ ਅਤੇ ਸੇਵਾ ਦੀ ਇਹ ਪਰੰਪਰਾ ਹੋਰ ਪਿੱਛੇ ਤਕ ਜਾਂਦੀ ਹੈ। ਉਨ੍ਹਾਂ ਦੇ ਪੜਦਾਦਾ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਇੱਕ ਫ਼ੌਜੀ ਵਜੋਂ ਸੇਵਾ ਨਿਭਾਈ ਸੀ। ਇਸ ਅੰਤਰਰਾਸ਼ਟਰੀ ਚੋਣ ਨਾਲ ਸੁਖਪ੍ਰੀਤ ਸਿੰਘ ਆਪਣੇ ਉਭਰਦੇ ਕਰੀਅਰ 'ਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰ ਰਹੇ ਹਨ। ਅੰਤਰਰਾਸ਼ਟਰੀ ਕੂਟਨੀਤੀ ਦੇ ਕੇਂਦਰ 'ਚ ਭਾਗ ਲੈਂਦਿਆਂ ਵੀ, ਉਨ੍ਹਾਂ ਦੀ ਸੋਚ ਸਿੱਖੀ ਦੇ ਮੂਲ ਸਿਧਾਂਤ ਸਰਬੱਤ ਦਾ ਭਲਾ ਨਾਲ ਜੁੜੀ ਰਹਿੰਦੀ ਹੈ।

ਦੁਬਈ 'ਚ ਭਾਰਤੀ ਬੰਦੇ ਹੱਥ ਲੱਗੇ 49 ਕਰੋੜ

ਦੁਬਈ: ਅਕਸਰ ਕਿਹਾ ਜਾਂਦਾ ਹੈ ਕਿ ਕਿਸਮਤ ਬਦਲਦਿਆਂ ਦੇਰ ਨਹੀਂ ਲੱਗਦੀ। ਕਈ ਲੋਕ ਰਾਤੋ ਰਾਤ ਕੱਖ ਤੋਂ ਲੱਖਪਤੀ ਬਣ ਜਾਂਦੇ ਹਨ ਤੇ ਕਈ ਅਰਸ਼ਾਂ ਤੋਂ ਫ਼ਰਸ਼ਾਂ 'ਤੇ ਆ ਡਿੱਗਦੇ ਹਨ। ਇਸੇ ਦੀ ਤਾਜ਼ਾ ਮਿਸਾਲ UAE ਤੋਂ ਸਾਹਮਣੇ ਆਈ ਹੈ ਜਿੱਥੇ ਕਰਨਾਟਕ ਦੇ ਇੱਕ ਨੌਜਵਾਨ ਨੇ ਇੱਕ ਲਾਟਰੀ 'ਚ ਦੋ ਕਰੋੜ ਦਿਰਹਾਮ, ਜੋ ਕਿ ਭਾਰਤੀ ਕਰੰਸੀ ਮੁਤਾਬਿਕ ਤਕਰੀਬਨ 49 ਕਰੋੜ ਰੁਪਏ ਬਣਦੇ ਹਨ, ਜਿੱਤੇ।

ਕਰਨਾਟਕ ਦੇ ਉਡੁਪੀ ਜ਼ਿਲ੍ਹੇ ਦੇ ਰਹਿਣ ਵਾਲੇ 34 ਸਾਲਾ ਨੌਜਵਾਨ ਸ਼ਾਂਤਨੂੰ ਸ਼ੈਟੀਗਰ ਨੇ ਸੰਯੁਕਤ ਅਰਬ ਅਮੀਰਾਤ 'ਚ ਹੋਏ ਮਸ਼ਹੂਰ ਬਿੱਗ ਟਿਕਟ ਲੱਕੀ ਡਰਾਅ 'ਚ ਦੋ ਕਰੋੜ ਦਿਰਹਾਮ ਦਾ ਬੰਪਰ ਇਨਾਮ ਜਿੱਤਿਆ। ਸ਼ਾਂਤਨੂ ਸ਼ੈਟੀਗਰ ਉਡੁਪੀ ਦੇ ਕਟਪੜੀ ਮੱਟੂ ਦਾ ਰਹਿਣ ਵਾਲਾ ਹੈ, ਅਤੇ ਪਿਛਲੇ ਤਕਰੀਬਨ ਅੱਠ ਸਾਲਾਂ ਤੋਂ ਓਮਾਨ ਦੇ ਮਸਕਟ 'ਚ ਰੀਟੇਲ ਸੈਕਟਰ 'ਚ ਇੱਕ ਸਟੋਰ ਇੰਚਾਰਜ ਵਜੋਂ ਕੰਮ ਕਰ ਰਿਹਾ ਹੈ। ਉਸ ਨੇ ਸੀਰੀਜ਼ 283 ਲਈ ਟਿਕਟ ਨੰਬਰ 305810 ਖ਼ਰੀਦਿਆ ਸੀ ਜਿਸ ਦਾ ਨਤੀਜਾ ਸਾਹਮਣੇ ਆਉਣ ਮਗਰੋਂ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਉਸ ਨੂੰ ਇਹ ਖ਼ੁਸ਼ਖਬਰੀ ਲਾਈਵ ਟੈਲੀਕਾਸਟ ਦੌਰਾਨ ਇੱਕ ਸਰਪ੍ਰਾਈਜ਼ ਫ਼ੋਨ ਕਾਲ ਰਾਹੀਂ ਮਿਲੀ ਸੀ। ਉਸ ਮਗਰੋਂ ਸ਼ਾਂਤਨੂ ਨੇ ਦੱਸਿਆ ਕਿ ਇਹ ਟਿਕਟ ਉਸ ਨੇ ਆਪਣੇ ਇੱਕ ਦੋਸਤ ਸੁਨੀਲ ਨਾਲ ਮਿਲ ਕੇ ਖ਼ਰੀਦੀ ਸੀ, ਇਸ ਲਈ ਉਹ ਇਨਾਮੀ ਰਾਸ਼ੀ ਆਪਣੇ ਦੋਸਤ ਨਾਲ ਬਰਾਬਰ ਦੀ ਵੰਡੇਗਾ। ਸ਼ਾਂਤਨੂ ਪਿਛਲੇ ਪੰਜ ਸਾਲਾਂ ਤੋਂ ਇਸ ਲਾਟਰੀ 'ਚ ਕਿਸਮਤ ਅਜ਼ਮਾ ਰਿਹਾ ਸੀ, ਅਤੇ ਪਿਛਲੇ ਤਿੰਨ ਸਾਲਾਂ ਤੋਂ ਉਸ ਨੇ ਇੱਕ ਵੀ ਡਰਾਅ ਮਿਸ ਨਹੀਂ ਕੀਤਾ। ਉਸ ਦਾ ਮੰਨਣਾ ਹੈ ਕਿ ਉਸ ਦੀ ਧੀ ਉਸ ਦੇ ਲਈ ਇਹ ਖ਼ੁਸ਼ਕਿਸਮਤੀ ਲੈ ਕੇ ਆਈ ਹੈ। ਹਾਲਾਂਕਿ ਉਸ ਨੇ ਅਜੇ ਇਹ ਫ਼ੈਸਲਾ ਨਹੀਂ ਕੀਤਾ ਕਿ ਉਹ ਇਸ ਵੱਡੀ ਰਕਮ ਦਾ ਕੀ ਕਰੇਗਾ। ਸ਼ਾਂਤਨੂ ਸ਼ੈਟੀਗਰ ਇਸ ਜਿੱਤ ਨਾਲ ਬਿੱਗ ਟਿਕਟ ਦੇ ਇਤਿਹਾਸ 'ਚ ਸਭ ਤੋਂ ਵੱਡੇ ਕਰੋੜਪਤੀਆਂ ਦੀ ਸੂਚੀ 'ਚ ਸ਼ਾਮਿਲ ਹੋ ਗਿਆ ਹੈ। ਅਬੂਧਾਬੀ 'ਚ ਹੋਏ ਇਸ ਡਰਾਅ 'ਚ ਹੋਰ ਵੀ ਕਈ ਇਨਾਮ ਦਿੱਤੇ ਗਏ ਜਿਨ੍ਹਾਂ 'ਚ ਪੰਜ ਜੇਤੂਆਂ ਨੂੰ 10-10 ਲੱਖ ਦਿਰਹਾਮ ਅਤੇ ਇੱਕ ਲਗਜ਼ਰੀ ਕਾਰ ਵੀ ਸ਼ਾਮਿਲ ਸੀ।

ਸੜਕ ਕਿਨਾਰੇ ਡਿਜੀਟਲ ਸਕ੍ਰੀਨ 'ਤੇ ਚਲਾ ਦਿੱਤੀ ਗੰਦੀ ਵੀਡੀਓ

ਕਰਾਚੀ: ਪਾਕਿਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਅਤੇ ਸਿੰਧ ਸੂਬੇ ਦੀ ਰਾਜਧਾਨੀ ਕਰਾਚੀ 'ਚ ਇੱਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਸ਼ਹਿਰ ਦੇ ਪਾਸ਼ ਇਲਾਕੇ ਡਿਫ਼ੈਂਸ ਹਾਊਸਿੰਗ ਅਥੌਰਟੀ 'ਚ ਸੜਕ ਕਿਨਾਰੇ ਲੱਗੀ ਇੱਕ ਡਿਜੀਟਲ ਵਿਗਿਆਪਨ ਸਕ੍ਰੀਨ 'ਤੇ ਅਚਾਨਕ ਅਸ਼ਲੀਲ ਵੀਡੀਓ ਚੱਲ ਪਈ। ਇਹ ਘਟਨਾ ਖ਼ਯਾਬਾਨ-ਏ-ਇਤੇਹਾਦ ਸਥਿਤ ਆਇਸ਼ਾ ਮਸਜਿਦ ਦੇ ਬਿਲਕੁੱਲ ਨੇੜੇ ਵਾਪਰੀ, ਜਿਸ ਕਾਰਨ ਸਥਾਨਕ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਜਿਵੇਂ ਹੀ ਸੋਸ਼ਲ ਮੀਡੀਆ 'ਤੇ ਇਸ ਘਟਨਾ ਦੀਆਂ ਰਿਪੋਰਟਾਂ ਵਾਇਰਲ ਹੋਈਆਂ ਤਾਂ ਸਥਾਨਕ ਨਿਵਾਸੀਆਂ ਨੇ ਇਕੱਠੇ ਹੋ ਕੇ ਇਸ ਘਿਣਾਉਣੀ ਹਰਕਤ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪ੍ਰਸ਼ਾਸ਼ਨ ਨੇ ਸੁਰੱਖਿਆ ਦੇ ਮੱਦੇਨਜ਼ਰ ਸ਼ਾਹਰਾਹ-ਏ-ਫ਼ੈਸਲ ਅਤੇ ਕਰਸਾਜ਼ ਰੋਡ ਵਰਗੀਆਂ ਮੁੱਖ ਸੜਕਾਂ 'ਤੇ ਲੱਗੀਆਂ ਹੋਰ ਡਿਜੀਟਲ ਸਕ੍ਰੀਨਾਂ ਨੂੰ ਵੀ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਹੈ।

ਕਰਾਚੀ ਦੇ ਸਾਊਥ ਡਿਪਟੀ ਇੰਸਪੈਕਟਰ ਜਨਰਲ ਸੱਯਦ ਅਸਦ ਰਜ਼ਾ ਨੇ ਪੁਸ਼ਟੀ ਕੀਤੀ ਹੈ ਕਿ ਇਸ ਮਾਮਲੇ 'ਚ ਇੱਕ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲੀਸ ਨੇ ਕੰਪਨੀ ਦੇ ਅਣਪਛਾਤੇ ਕਰਮਚਾਰੀਆਂ ਖ਼ਿਲਾਫ਼ ਪਾਕਿਸਤਾਨ ਪੀਨਲ ਕੋਡ ਦੀ ਧਾਰਾ 292 ਤਹਿਤ ਮਾਮਲਾ ਦਰਜ ਕੀਤਾ ਹੈ ਜੋ ਅਸ਼ਲੀਲ ਸਮੱਗਰੀ ਦੀ ਜਨਤਕ ਪ੍ਰਦਰਸ਼ਨੀ 'ਤੇ ਰੋਕ ਲਗਾਉਂਦੀ ਹੈ।ਪੁਲੀਸ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਕੀ ਇਹ ਡਿਜੀਟਲ ਸਕ੍ਰੀਨ ਵਾਈ-ਫ਼ਾਈ ਰਾਹੀਂ ਹੈਕ ਕੀਤੀ ਗਈ ਸੀ ਜਾਂ ਫ਼ਿਰ ਕੰਪਨੀ ਦੇ ਹੀ ਕਿਸੇ ਸ਼ਰਾਰਤੀ ਕਰਮਚਾਰੀ ਨੇ ਇਹ ਹਰਕਤ ਕੀਤੀ ਹੈ। ਦੂਜੇ ਪਾਸੇ, ਵਿਗਿਆਪਨ ਕੰਪਨੀ ਦੇ ਕਾਨੂੰਨੀ ਸਲਾਹਕਾਰ ਅਤੇ ਡਾਇਰੈਕਟਰਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਕੰਪਨੀ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਕਿਸੇ ਅੰਦਰੂਨੀ ਕਰਮਚਾਰੀ ਨੇ ਇਹ ਵੀਡੀਓ ਚਲਾਈ ਹੋ ਸਕਦੀ ਹੈ। ਪੁਲੀਸ ਅਨੁਸਾਰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 647-625-7205
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700